# ਸੰਖੇਪ ਜੀਵਨ: ਮਾਸਟਰ ਚੱਤਰ ਸਿੰਘ ਜੀ ਧਾਰਨੀ
## (ਪੁਰਾਣੇ ਦੇਸ਼ ਭਗਤ ਕਾਲੇ ਪਾਣੀ ਦੇ ਪਿੰਜਰੇ ਵਾਲੇ)

ਮਾਸਟਰ ਜੀ ਦੀ ਆਪਣੀ ਜ਼ੁਬਾਨੀ

ਮੇਰਾ ਜਨਮ ਪਿੰਡ ਮਨੈਲੀ, ਤਹਿਸੀਲ ਰੋਪੜ, ਜ਼ਿਲ੍ਹਾ ਅੰਬਾਲਾ, ਪਰਗਨਾਂ, ਚਮਕੌਰ ਸਾਹਿਬ (ਧਰਤੀ ਸ਼ਹੀਦਾਂ) ਵਿੱਚ ਸੰਨ 1889 ਮਹੀਨਾ ਜੂਨ ਵਿੱਚ ਹੋਇਆ ਸੀ, ਪਿਤਾ ਦਾ ਨਾਮ ਸ. ਸਾਵਨ ਸਿੰਘ ਤੇ ਮਾਤਾ ਦਾ ਨਾਮ ਸ੍ਰੀਮਤੀ ਪੰਜਾਬ ਕੌਰ ਸੀ।

ਮੈਨੂੰ ਦਸ ਸਾਲ ਦੀ ਉਮਰ ਵਿੱਚ ਮੇਰੇ ਬੜੇ ਭਾਈ ਸਾਹਿਬ ਸ. ਵਰਿਆਮ ਸਿੰਘ ਜੀ ਪਾਸ, ਜੋ ਕਿ ਉਸ ਵੇਲੇ ਪਿੰਡ ਸਾਹੂਵਾਲਾ, ਤਹਿਸੀਲ ਸਰਸਾ, ਜ਼ਿਲ੍ਹਾ ਹਿਸਾਰ ਦੇ ਸਕੂਲ ਦੇ ਹੈਡ ਮਾਸਟਰ ਸਨ, ਪੜ੍ਹਨੇ ਪਾ ਦਿੱਤਾ। ਸੱਤ ਸਾਲ ਉਨ੍ਹਾਂ ਕੋਲ ਪੜ੍ਹਾਈ ਕਰਕੇ ਫੇਰ ਗੌਰਮਿੰਟ ਹਾਈ ਸਕੂਲ ਲਾਇਲਪੁਰ ਵਿੱਚ ਦਾਖਲ ਹੋ ਗਿਆ। ਉਸ ਸਕੂਲ ਵਿੱਚ ਹੀ ਅੱਠਵੀਂ, ਨੌਂਵੀ ਅਤੇ ਦਸਵੀਂ ਜਮਾਤ ਪਾਸ ਕੀਤੀ।

ਦਸਵੀਂ ਜਮਾਤ ਪਾਸ ਕਰਨ ਦੇ ਪਿਛੋਂ ਸਾਨੂੰ ਅੰਗਰੇਜ਼ੀ ਹਕੂਮਤ ਦੇ ਭੈੜੇ ਕਾਨੂੰਨ ਦੇ ਖਿਲਾਫ਼ ਜਾਗਣਾ ਪਿਆ, ਜਿਸ ਭੈੜੇ ਕਾਨੂੰਨ ਤੋਂ ਖਿਲਾਫ਼ ਅਸੀਂ ਆਵਾਜ਼ ਉਠਾਈ ਉਹ ਕਾਨੂੰਨ ਇਹ ਸੀ (ੳ) ਗੌਰਮਿੰਟ ਬੋਰਡਿੰਗ ਹਾਊਸ ਵਿੱਚ ਝਟਕਾ ਪਕਾਉਣੇ ਦੀ ਮਨਾਹੀ ਸੀ (ਅ) ਜੇ ਕਿਸੇ ਨੇ ਮਾਸ ਪਕਾਉਣਾ ਹੁੰਦਾ ਸੀ ਤਾਂ ਮੁਸਲਮਾਨਾਂ ਦੇ ਹਥੀਂ ਹਲਾਲ ਕੀਤਾ ਮਾਸ ਲਿਆਕੇ ਪਕਾ ਸਕਦੇ ਸਨ।

ਉਪਰੋਕਤ ਭੈੜੇ ਕਾਨੂੰਨ ਵਿਰੁੱਧ, ਹਿੰਦੂ-ਸਿੱਖ ਵਿਦਿਆਰਥੀਆਂ ਨੂੰ ਗੌਰਮਿੰਟ ਬੋਰਡਿੰਗ ਹਾਊਸ ਛੱਡਣਾ ਪਿਆ ਅਤੇ ਖਾਲਸਾ ਬੋਰਡਿੰਗ ਹਾਉਸ ਦੀ ਨੀਂਹ ਰੱਖੀ ਗਈ।

ਉਸ ਤੋਂ ਦੂਸਰੇ ਸਾਲ ਹੀ ਖਾਲਸਾ ਹਾਈ ਸਕੂਲ ਲਾਇਲਪੁਰ ਦੀ ਨੀਂਹ ਭੀ ਰੱਖੀ ਗਈ ਅਤੇ ਤੀਸਰੇ ਹੀ ਸਾਲ ਖਾਲਸਾ ਕਾਲਜ ਲਾਇਲਪੁਰ ਦੀ ਨੀਂਹ ਰੱਖੀ ਗਈ, ਜਿਸਦੇ ਵਾਸਤੇ ਇੱਕ ਸਰਦਾਰ ਸਾਹਿਬ ਨੇ 25 ਕੀਲੇ ਜ਼ਮੀਨ ਦਾਨ ਕੀਤੀ ਸੀ ਇਸ ਕੰਮ ਲਈ। ਮੈਂ (ਮਾ. ਚੱਤਰ ਸਿੰਘ), ਮਾਸਟਰ ਤਾਰਾ ਸਿੰਘ (ਅਕਾਲੀ ਲੀਡਰ) ਅਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਇੱਕ ਸਾਲ ਮੁਫਤ ਸੇਵਾ ਕੀਤੀ ਸੀ।

ਇਸੇ ਤਰ੍ਹਾਂ ਮੈਂ ਸੰਨ 1914 ਤੱਕ ਕੌਮੀ ਸਕੂਲਾਂ ਵਿੱਚ ਸੇਵਾ ਕਰਦਾ ਰਿਹਾ ਤਾਂ ਜੋ ਸਾਨੂੰ ਦੇਸ਼ ਆਜ਼ਾਦ ਕਰਾਉਣ ਲਈ ਪੜ੍ਹੇ-ਲਿਖੇ ਨੌਜਵਾਨ ਮਿਲ ਸਕਣ। ਮੇਰਾ ਖ਼ਿਆਲ ਮੁੱਢ ਤੋਂ ਹੀ ਵਿਦੇਸ਼ੀ ਹਕੂਮਤ ਦੇ ਵਿਰੁੱਧ ਸੀ। ਸੰਨ 1914 ਵਿੱਚ ਜਦੋਂ ਜਰਮਨੀ ਹਕੂਮਤ ਨੇ ਅੰਗਰੇਜ਼ਾਂ ਦੇ ਖਿਲਾਫ਼ ਲੜਾਈ ਆਰੰਭ ਕੀਤੀ ਸੀ ਤਾਂ ਮੈਨੂੰ ਅਤੇ ਹੋਰ ਦੇਸ਼ ਪਰਵਾਨਿਆਂ ਨੂੰ ਚੰਗਾ ਮੌਕਾ ਹੱਥ ਆ ਗਿਆ ਸੀ। ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚੋਂ ਭੀ ਬਹੁਤ ਸਾਰੇ ਸੱਜਣ ਦੇਸ਼ ਦੀ ਆਜ਼ਾਦੀ ਦੀ ਲਹਿਰ ਚਕਣ ਲਈ ਦੇਸ਼ ਵਿੱਚ ਆ ਗਏ ਸਨ। ਉਨ੍ਹਾਂ ਹੀ ਦਿਨਾਂ ਵਿੱਚ ਦੇਸ਼ ਦੀ ਆਜ਼ਾਦੀ ਵਾਸਤੇ ਦੇਸੀ ਫੌਜਾਂ ਵਿੱਚ ਭੀ ਪ੍ਰਚਾਰ ਕੀਤਾ ਗਿਆ, ਜਿਸਦਾ ਅਸਰ ਇਹ ਹੋਇਆ ਕਿ ਕੁੱਝ ਦੇਸੀ ਫੌਜਾਂ ਸਾਡੇ ਨਾਲ ਮਿਲ ਗਈਆਂ ਸਨ। ਪਰ ਮੰਦੇ ਭਾਗਾਂ ਨੂੰ ਦੋ ਮੁਸਲਮਾਨ ਅਤੇ ਇੱਕ ਸਿੱਖ, ਤਿੰਨ ਗ਼ਦਾਰਾਂ ਨੇ — ਜਿਹੜੇ ਕਿ ਸਾਡੇ ਨਾਲ ਕੰਮ ਕਰਦੇ ਸਨ ਤੇ ਅੰਦਰੋਂ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ, ਅੰਗਰੇਜ਼ਾਂ ਨਾਲ ਵਾਇਦਾ ਕਰਕੇ ਸਾਡੀ ਸਾਰੀ ਵਿਉਂਤ ਦਾ ਭੇਦ ਖੋਲ੍ਹ ਦਿੱਤਾ। ਸਾਡਾ ਬੰਬਾਂ ਦਾ ਜ਼ਖ਼ੀਰਾ ਅਤੇ ਕਾਰਖਾਨਾ, ਜੋ ਲਾਹੌਰ ਸ਼ਹਿਰ ਵਿੱਚ ਸੀ, ਪਕੜਵਾ ਦਿੱਤਾ ਅਤੇ ਰਾਇਫਲਾਂ ਤੇ ਪਿਸਤੌਲ ਜੋ ਅਮਰੀਕਾ ਤੋਂ ਲੁਧਿਆਣੇ ਆਏ ਸਨ, ਭੀ ਅੰਗਰੇਜ਼ਾਂ ਨੂੰ ਪਕੜਵਾ ਦਿੱਤੇ ਗਏ। ਆਪਣੇ ਇਨਾਮ ਵਾਸਤੇ ਸਾਡੀਆਂ ਗਿਰਫ਼ਤਾਰੀਆਂ ਸ਼ੁਰੂ ਕਰਾ ਦਿੱਤੀਆਂ।

ਜਦੋਂ ਮੈਂ ਦੇਖਿਆ ਕਿ ਮੇਰੇ ਕੁੱਝ ਸਾਥੀ ਪਕੜੇ ਗਏ ਹਨ ਅਤੇ ਬਾਕੀ ਭੀ ਪਕੜੇ ਜਾਣਗੇ ਤਾਂ ਮੰ ਲੁਹਾਰ ਪਾਸੋਂ ਗੰਡਾਸੀ ਬਣਵਾਕੇ ਖਾਲਸਾ ਕਾਲਜ ਅੰਮ੍ਰਿਤਸਰ ਦੀ ਆਜ਼ਾਦੀ ਦੀ ਸਲਾਹ ਕਰ ਲਈ, ਕਿਉਂਕਿ ਉਥੇ ਸਿੱਖ ਪ੍ਰੋਫੈਸਰਾਂ ਅਤੇ ਪ੍ਰਿੰਸੀਪਲ ਨੂੰ ਕੱਢ ਕੇ ਉਨ੍ਹਾਂ ਦੀ ਥਾਂ ਅੰਗਰੇਜ਼ ਰੱਖੇ ਗਏ ਸਨ। ਮੈਥੋਂ ਇਹ ਅਨਿਆਇ ਨਾ ਸਹਾਰਿਆ ਗਿਆ, ਅਤੇ ਇੱਕ

ਅੰਗਰੇਜ਼ ਪ੍ਰੋਫੈਸਰ ਨੂੰ ਖਤਮ ਕਰਨੇ ਦੇ ਇਰਾਦੇ ਨਾਲ ਉਸ ਪਰ ਹਮਲਾ ਕੀਤਾ, ਪਰ ਉਹ ਜ਼ਖ਼ਮੀ ਹੀ ਹੋਇਆ।

ਇਹ ਗੱਲ ਸੁਣਕੇ ਦੂਜੇ ਪ੍ਰੋਫੈਸਰਾਂ ਅਤੇ ਪ੍ਰਿੰਸੀਪਲ ਨੂੰ ਡਰ ਪੈ ਗਿਆ। ਸਾਰੇ ਅੰਗਰੇਜ਼ ਪ੍ਰੋਫੈਸਰ ਤੇ ਪ੍ਰਿੰਸੀਪਲ ਕਾਲਜ ਛੱਡ ਕੇ ਆਪਣੀ ਵਲਾਇਤ ਨੂੰ ਚਲੇ ਗਏ, ਪਰ ਮੈਨੂੰ ਗਿਰਫ਼ਤਾਰ ਕਰ ਲਿਆ ਗਿਆ। ਮੇਰੇ ਖਿਲਾਫ਼ ਮੁਕਦਮਾ ਚਲਾ ਦਿੱਤਾ ਅਤੇ ਮੈਨੂੰ ਸੈਸ਼ਨ ਦੀ ਅਦਾਲਤ ਦੇ ਸਪੁਰਦ ਕਰ ਦਿੱਤਾ। ਅੰਗਰੇਜ਼ ਸੈਸ਼ਨ ਨੇ ਮੇਰੇ ਬਿਆਨ ਲਏ। ਜੋ ਬਿਆਨ ਮੈਂ ਦਿੱਤੇ ਉਹ ਇਹ ਸਨ:

> "ਸਾਡਾ ਦੇਸ਼ ਅੰਗਰੇਜ਼ਾਂ ਨੇ ਬੇਈਮਾਨੀ ਨਾਲ ਦਬਾ ਲਿਆ ਹੈ। ਅੰਗਰੇਜ਼ ਸਿਪਾਹੀਆਂ ਨੂੰ 100/- ਰੁਪੈ ਮਹੀਨਾ ਤਨਖ਼ਾਹ ਦਿੱਤੀ ਜਾਂਦੀ ਹੈ, ਪਰ ਸਾਡੇ ਦੇਸੀ ਸਿਪਾਹੀਆਂ ਨੂੰ ਸਿਰਫ਼ 18/- ਰੁਪੈ ਮਹੀਨਾ ਹੀ ਮਿਲਦੇ ਹਨ। ਇਸੇ ਤਰ੍ਹਾਂ ਸਾਰੇ ਮਹਿਕਮਿਆਂ ਵਿੱਚ ਸਾਡੇ ਦੇਸੀ ਲੋਕਾਂ ਨਾਲ ਚੰਗਾ ਸਲੂਕ ਨਹੀਂ ਕੀਤਾ ਜਾਂਦਾ। ਮੈਂ ਅਤੇ ਮੇਰੇ ਦੂਜੇ ਸਾਥੀਆਂ ਨੇ ਪ੍ਰਣ ਕਰ ਲਿਆ ਹੈ ਕਿ ਅਸੀਂ ਦੇਸ਼ ਵਿੱਚੋਂ ਅੰਗਰੇਜ਼ਾਂ ਨੂੰ ਕੱਢ ਕੇ ਆਪਣਾ ਦੇਸੀ ਰਾਜ ਕਾਇਮ ਕਰੀਏ। ਸਾਡਾ ਇਹ ਵੀ ਪ੍ਰਣ ਹੈ ਕਿ ਅਸੀਂ, ਹਰ-ਇੱਕ, ਤਿੰਨ ਜਾਂ ਚਾਰ ਅੰਗਰੇਜ਼ਾਂ ਨੂੰ ਖਤਮ ਕਰਕੇ ਆਪ ਫਾਂਸੀ ਪ੍ਰਾਪਤ ਕਰੀਏ। ਸਾਨੂੰ ਉਮੀਦ ਹੈ ਕਿ ਸਾਡਾ ਬੀਜਿਆ ਹੋਇਆ ਬੀਜ, ਪੱਜਾਂ-ਸੱਤਾਂ ਸਾਲਾਂ ਤੱਕ ਜ਼ਰੂਰ ਹਰਾ ਹੋਵੇਗਾ ਤੇ ਸਾਡੇ ਲੋਕ ਜ਼ਰੂਰ ਅੰਗਰੇਜ਼ਾਂ ਨੂੰ ਇਥੋਂ ਕੱਢ ਦੇਣਗੇ।"

ਉਪਰੋਕਤ ਬਿਆਨ ਸੁਣਕੇ ਅੰਗਰੇਜ਼ ਸੈਸ਼ਨ  ਜੱਜ ਨੇ ਮੈਨੂੰ ਕਾਲਾ ਪਾਣੀ (ਉਮਰ ਕੈਦ) ਦੀ ਸਜ਼ਾ ਦੇ ਦਿੱਤੀ। ਇਹ ਸੁਣਕੇ ਮੈਨੂੰ ਬਹੁਤ ਖੁਸ਼ੀ ਹੋਈ।

ਮੇਰੇ ਦੂਸਰੇ ਸਾਥੀਆਂ, ਜਿਨ੍ਹਾਂ ਦੀ ਗਿਣਤੀ ਤਕਰੀਬਨ 200 ਸੀ, ਦੇ ਖਿਲਾਫ਼ ਮੁਕਦਮਾ ਲਾਹੌਰ ਵਿੱਚ ਚੱਲਣ ਲੱਗ ਪਿਆ ਸੀ, ਜੋ ਕਿ ਅਮਰੀਕਨ ਬਾਬੇ ਅਖਵਾਂਦੇ ਸਨ। ਇੱਕ ਸਾਲ ਮੁਕਦਮਾ ਚਲਾਕੇ ਕੁੱਝ ਨੂੰ ਫਾਂਸੀ ਅਤੇ ਬਾਕੀਆਂ ਨੂੰ ਕਾਲੇ ਪਾਣੀ ਦੀ ਸਜ਼ਾ ਸੁਣਾ ਦਿੱਤੀ ਗਈ। ਜੋ ਮੇਰੇ ਨਾਲ ਜੇਲ੍ਹ ਵਿੱਚ ਰਹੇ ਸਨ, ਉਨ੍ਹਾਂ 'ਚੋਂ ਕੁੱਝ ਦੇ ਨਾਮ ਯਾਦ ਹਨ — (1) ਬਾਬਾ ਵਸਾਖਾ ਸਿੰਘ ਜੀ, (2) ਬਾਬਾ ਸੋਚਣ ਸਿੰਘ ਜੀ, (3) ਬਾਬਾ ਸ਼ੇਰ ਸਿੰਘ ਜੀ ਪਰਵਾਨੇ ਲਾਹੌਰ ਵਾਲੇ, (4) ਬਾਬਾ ਕੇਸਰ ਸਿੰਘ ਜੀ ਪਰਵਾਨੇ ਝਾਂਸੀ ਵਾਲੇ ਵਗੈਰਾ ਸਨ।

ਜਦ ਮੈਨੂੰ ਅੰਮ੍ਰਿਤਸਰ ਤੋਂ ਲਾਹੌਰ ਦੀ ਜੇਲ੍ਹ ਵਿੱਚ ਭੇਜਿਆ ਗਿਆ ਤਾਂ ਉਥੇ ਜਾਕੇ ਵੀ ਅੰਗਰੇਜ਼ਾਂ ਦੇ ਭੈੜੇ ਕਾਨੂੰਨ ਦਾ ਟਾਕਰਾ ਕਰਨਾ ਪਿਆ। ਉਹ ਇਹ ਸੀ ਕਿ ਸਿੱਖ ਕੈਦੀਆਂ ਨੂੰ ਟੋਪੀਆਂ ਦਿੱਤੀਆਂ ਜਾਂਦੀਆਂ ਸਨ, ਜੋ ਕਿ ਸਿੱਖ ਧਰਮ ਦੇ ਅਸੂਲ ਤੋਂ ਖਿਲਾਫ਼ ਸੀ। ਇਸ ਸਿਲਸਿਲੇ ਵਿੱਚ ਮੈਨੂੰ ਕੋਠੜੀ ਵਿੱਚ ਇਕੱਲਾ ਬੰਦ ਕਰਕੇ ਸਖ਼ਤ ਪਹਿਰਾ ਲਾ ਦਿੱਤਾ ਗਿਆ। ਕੁੱਝ ਸਮੇਂ ਬਾਅਦ ਸਾਡੀ ਆਵਾਜ਼ ਸਿੱਖ ਸੰਗਤ ਵਿੱਚ ਪਹੁੰਚ ਗਈ। ਸਭ ਨੇ ਸਲਾਹ ਕਰਕੇ ਸਾਰੀਆਂ ਟੋਪੀਆਂ ਅੱਗ ਵਿੱਚ ਸਾੜ ਦਿੱਤੀਆਂ ਅਤੇ ਜੇਲ੍ਹ ਅਫਸਰ ਨੂੰ ਖਬਰ ਕਰ ਦਿੱਤੀ ਕਿ ਸਿੱਖ ਕੈਦੀ ਟੋਪੀਆਂ ਨਹੀਂ ਪਹਿਨਦੇ ਹਨ।

ਹਾਰ ਕੇ ਸਰਕਾਰ ਨੂੰ ਪੰਜ ਗਜ਼ ਦਾ ਸਾਫਾ ਸਾਰੇ ਸਿੱਖ ਕੈਦੀਆਂ ਨੂੰ ਦੇਣਾ ਪਿਆ। ਪਰ ਮੈਨੂੰ ਉਥੋਂ ਬਦਲ ਕੇ ਅੰਬਾਲਾ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਉਥੇ ਵੀ ਚਾਰ ਮਹੀਨੇ ਝਗੜਾ ਕਰਕੇ ਅੰਬਾਲਾ ਜੇਲ੍ਹ ਵਿੱਚ ਅੱਛੀ ਖੁਰਾਕ ਪ੍ਰਾਪਤ ਕੀਤੀ ਅਤੇ ਮੇਰਾ ਸਰੀਰ ਮੋਟਾ ਹੋ ਗਿਆ। ਸੰਨ 1915 ਦੇ ਅਖੀਰ ਵਿੱਚ ਹੋਰ ਦੇਸ਼ ਭਗਤਾਂ ਦੇ ਨਾਲ ਮੈਨੂੰ ਵੀ ਕਲਕਤਾ ਬੰਦਰਗਾਹ ਰਾਹੀਂ ਕਾਲੇ ਪਾਣੀ ਪਹੁੰਚਾ ਦਿੱਤਾ, ਜਿੱਥੇ ਕਿ ਸਾਡੇ ਵਾਸਤੇ ਪਹਿਲਾਂ ਹੀ 800 ਕੋਠੜੀਆਂ ਤਿਆਰ ਸਨ, ਜਿਨ੍ਹਾਂ ਵਿੱਚ ਸਾਨੂੰ ਬੰਦ ਕੀਤਾ ਗਿਆ। ਉਥੇ ਵੀ ਕਰੜਾ ਕੰਮ ਲੈਣ ਦੇ ਖਿਲਾਫ਼ ਆਵਾਜ਼ ਉਠਾਈ ਤੇ ਭੁੱਖ ਹੜਤਾਲਾਂ ਵੀ ਕੀਤੀਆਂ। ਆਖਿਰ ਅਫਸਰਾਂ ਨੂੰ ਮੰਨਣਾ ਪਿਆ, ਪਰ ਮੇਰੇ ਵਾਸਤੇ ਲੋਹੇ ਦਾ ਪਿੰਜਰਾ ਬਨਵਾਕੇ ਅਤੇ ਮੈਨੂੰ ਬੇੜੀ ਲਾਕੇ ਉਸ ਵਿੱਚ ਬੰਦ ਕਰ ਦਿੱਤਾ।

ਕਈ ਸਾਲਾਂ ਪਿਛੋਂ ਇੱਕ ਜੇਲ੍ਹ ਕਮੇਟੀ ਬੰਗਾਲ ਅਤੇ ਪੰਜਾਬ ਵਿਚੋਂ ਆਈ ਉਨ੍ਹਾਂ ਦੇ ਫੈਸਲੇ ਮੁਜਬ ਮੈਨੂੰ ਲਾਹੌਰ ਜੇਲ੍ਹ ਲੈ ਆਂਦਾ। ਅੰਗਰੇਜ਼ ਅਫਸਰਾਂ ਤੇ ਮੇਰਾ ਇੰਨਾ ਡਰ ਛਾ ਗਿਆ ਸੀ ਕਿ ਜਿਸ ਪਿੰਜਰੇ ਵਿੱਚ ਮੈਂ ਸੀ ਉਸਦੇ ਅੱਗੇ ਦੀ ਵੀ ਡਰਕੇ ਹੀ ਲੰਘਦੇ ਸਨ। ਇੱਕ ਅੰਗਰੇਜ਼ ਅਫਸਰ ਜੋ ਪੰਦਰਵੇਂ ਦਿਨ ਮੇਰਾ ਭਾਰ ਤੋਲਦਾ ਹੁੰਦਾ ਸੀ, ਨੂੰ ਮੌਕਾ ਪਾ ਕੇ ਹਥਕੜੀ ਜੁੜੇ ਹੱਥਾਂ ਨਾਲ ਉਸ ਦੇ ਮੂੰਹ ਤੇ ਐਸਾ ਵਾਰ ਕੀਤਾ, ਜਿਸ ਦੀ ਤਾਬ ਨਾ ਲੈਂਦਾ ਹੋਇਆ ਉਹ ਛੇ-ਸੱਤ ਕਦਮਾਂ ਪਰ ਜਾ ਕੇ ਬੇਹੋਸ਼ ਹੋਕੇ ਗਿਰ ਪਿਆ ਸੀ।

1926 ਵਿੱਚ ਮੈਨੂੰ ਛੱਡ ਦਿੱਤਾ ਗਿਆ ਸੀ, ਪਰ 1930 ਤੱਕ ਪੁਲਿਸ ਦੀ ਨਿਗਰਾਨੀ ਵਿੱਚ ਚੱਕ ਨੰ. 25, ਤਹਿਸੀਲ ਜੜ੍ਹਾਂਵਾਲਾ, ਜ਼ਿਲ੍ਹਾ ਲਾਇਲਪੁਰ ਵਿੱਚ ਰਿਹਾ ਸਾਂ।

ਸੰਨ 1930 ਦੇ ਬਾਅਦ ਪਿੰਡ ਮਨੈਲੀ ਪਰਗਨਾਂ, ਚਮਕੌਰ ਸਾਹਿਬ (ਧਰਤੀ ਸ਼ਹੀਦਾਂ), ਤਹਿਸੀਲ ਰੋਪੜ, ਜ਼ਿਲ੍ਹਾਂ ਅੰਬਾਲਾ ਵਿੱਚ ਆ ਗਿਆ ਸਾਂ ਤੇ 1930 ਤੋਂ ਪਿਛੋਂ ਗੁਰਦਵਾਰਾ ਸ੍ਰੀ ਅਨੰਦਪੁਰ – ਕੀਰਤਪੁਰ ਸਾਹਿਬ ਦੀ ਕਮੇਟੀ ਦੇ ਮੀਤ ਪ੍ਰਧਾਨ ਦੇ ਤੌਰ ਤੇ ਵੀ ਸੇਵਾ ਕਰਨ ਦਾ ਮੌਕਾ ਮਿਲਿਆ ਸੀ। ਪੰਜਾਬ ਸਰਕਾਰ ਵੱਲੋਂ ਮੈਨੂੰ ਜ਼ਿਲ੍ਹਾ ਹਿਸਾਰ ਵਿੱਚ 12 ਏਕੜ ਜ਼ਮੀਨ ਮਿਲੀ।

## ਅੰਤਮ ਬੇਨਤੀ

ਕੋਈ ਦੇਸ਼ ਅਤੇ ਕੌਮ ਤਦ ਹੀ ਜਿੰਦਾ ਰਹਿ ਸਕਦੀ ਹੈ ਅਤੇ ਆਪਣੀ ਆਜ਼ਾਦੀ ਕਾਇਮ ਰੱਖ ਸਕਦੀ ਹੈ, ਜੇ ਸਾਰਾ ਦੇਸ਼ ਆਪਣੇ ਪੁਰਾਣੇ ਸ਼ਹੀਦਾਂ ਅਤੇ ਦੇਸ਼ ਭਗਤਾਂ ਨੂੰ ਯਾਦ ਰੱਖੇ। ਰਾਣੀ ਝਾਂਸੀ 1857 ਵਿੱਚ ਆਜ਼ਾਦੀ ਵਾਸਤੇ ਆਪਣੇ ਬੱਚੇ ਅਤੇ ਜਾਨ ਦੀ ਪਰਵਾਹ ਨਾ ਕਰਦੀ ਹੋਈ ਸ਼ਹੀਦ ਹੋ ਗਈ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਦੀ ਖ਼ਾਤਰ ਆਪਣਾ ਸਰਬੰਸ ਵਾਰ ਦਿੱਤਾ ਸੀ।

[ਮਾਸਟਰ ਜੀ 31.12.1963 ਨੂੰ ਸੁਰਗਵਾਸ ਹੋਏ ਸਨ।]